## ਸੇਵਾ – ਇਮਾਨਦਾਰੀ – ਵਿਕਾਸ

### ਵਿਧਾਇਕ ਸਰਦਾਰ

# ਕੁਲਵੰਤ ਸਿੰਘ

## (2022–2026) ਦਾ ਵਿਕਾਸ ਰਿਪੋਰਟ ਕਾਰਡ





ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਇਕ ਨਵੀਂ ਸੋਚ ਤੇ ਇਮਾਨਦਾਰ ਨੀਅਤ ਦੇ ਨਾਲ ਆਈ — ਜਿੱਥੇ ਸਰਕਾਰ ਦਾ ਮਤਲਬ ਸਿਰਫ਼ ਸੱਤਾ ਨਹੀਂ, ਬਲਕਿ ਇਮਾਨਦਾਰੀ ਨਾਲ ਲੋਕਾਂ ਦੀ ਸੱਚੀ ਸੇਵਾ ਤੇ ਪੰਜਾਬ ਦੇ ਹਰ ਵਰਗ ਦਾ ਸਮਾਨ ਵਿਕਾਸ ਹੈ।

ਸਰਦਾਰ ਭਗਵੰਤ ਮਾਨ ਦੀ ਅਗਵਾਈ ਹੇਠ ਪਹਿਲੀ ਵਾਰ ਆਮ ਆਦਮੀ ਮਹਿਸੂਸ ਕਰ ਰਿਹਾ ਹੈ ਕਿ ਸਰਕਾਰ ਉਸਦੇ ਨਾਲ ਖੜ੍ਹੀ ਹੈ, ਉਸਦੀ ਗੱਲ ਸੁਣ ਰਹੀ ਹੈ ਤੇ ਉਸਦੇ ਲਈ ਕੰਮ ਕਰ ਰਹੀ ਹੈ।

ਪਿਛਲੀਆਂ ਸਰਕਾਰਾਂ ਦੇ ਦੌਰਾਨ ਪੰਜਾਬ ਨੇ ਭ੍ਰਿਸ਼ਟਾਚਾਰ, ਧੱਕੇਸ਼ਾਹੀ ਤੇ ਬੇਇਨਸਾਫੀ ਦੇਖੀ। ਸਰਕਾਰੀ ਦਫਤਰਾਂ ਵਿੱਚ ਆਮ ਆਦਮੀ ਦੀ ਕੋਈ ਸੁਣਵਾਈ ਨਹੀਂ ਸੀ — ਬਿਨਾ ਸਿਫ਼ਾਰਸ਼ ਤੇ ਬਿਨਾ ਪੈਸੇ ਕੋਈ ਕੰਮ ਨਹੀਂ ਹੁੰਦਾ ਸੀ। ਲੋਕਾਂ ਨੂੰ ਆਪਣੇ ਹੱਕਾਂ ਲਈ ਦਰ-ਦਰ ਠੋਕਰਾਂ ਖਾਣੀਆਂ ਪੈਂਦੀਆਂ ਸਨ। ਆਮ ਆਦਮੀ ਪਾਰਟੀ ਨੇ ਇਸ ਪੁਰਾਣੇ ਸਿਸਟਮ ਨੂੰ ਤੋੜ ਕੇ ਸਰਕਾਰ ਨੂੰ ਲੋਕਾਂ ਦੇ ਦਰਵਾਜ਼ੇ ਤੱਕ ਲੈ ਆਈ। ਹੁਣ ਘੋਸ਼ਣਾਵਾਂ ਨਹੀਂ, ਸੀਧਾ ਕੰਮ ਹੋ ਰਿਹਾ ਹੈ — ਹੁਣ ਸਰਕਾਰ ਫਾਈਲਾਂ ਵਿੱਚ ਨਹੀਂ, ਜ਼ਮੀਨ ਤੇ ਨਜ਼ਰ ਆਉਂਦੀ ਹੈ; ਤੇ ਫ਼ੈਸਲੇ ਸਿਰਫ਼ ਉੱਪਰ ਨਹੀਂ, ਸਿੱਧੇ ਆਮ ਲੋਕਾਂ ਤੱਕ ਪਹੁੰਚ ਰਹੇ ਨੇ।

ਅੱਜ ਇਹ ਬਦਲਾਅ ਹਰ ਘਰ ਤੱਕ ਪਹੁੰਚ ਰਿਹਾ ਹੈ, ਜਿੱਥੇ ਸਰਕਾਰ ਸਿੱਧੀ ਲੋਕਾਂ ਦੀ ਜ਼ਿੰਦਗੀ ਨੂੰ ਛੂਹ ਰਹੀ ਹੈ:

* ਮਹਿਲ਼ਾ ਸਮਾਨ ਯੋਜਨਾ ਦੇ ਤਹਿਤ ₹1000–1500 ਪ੍ਰਤੀ ਮਹੀਨਾ ਆਰਥਿਕ ਸਹਾਇਤਾ ਦੀ ਸ਼ੁਰੂਆਤ
* ਹਰ ਪਰਿਵਾਰ ਲਈ ₹10 ਲੱਖ ਤੱਕ ਦਾ ਮੁਫ਼ਤ ਸਿਹਤ ਸੁਰੱਖਿਆ ਕਵਰ
* 881 ਆਮ ਆਦਮੀ ਕਲੀਨਿਕਸ, 1.75 ਕਰੋੜ ਤੋਂ ਵੱਧ ਲੋਕਾਂ ਦਾ ਮੁਫ਼ਤ ਇਲਾਜ
* 300 ਯੂਨਿਟ ਮੁਫ਼ਤ ਬਿਜਲੀ, ਲਗਭਗ 90% ਘਰਾਂ ਦਾ ਬਿੱਲ ਜ਼ੀਰੋ
* ਕਿਸਾਨਾਂ ਲਈ 24 ਘੰਟੇ ਲਗਾਤਾਰ ਬਿਜਲੀ ਸਪਲਾਈ
* 63,000 ਤੋਂ ਵੱਧ ਨੌਕਰੀਆਂ ਬਿਨਾ ਸਿਫ਼ਾਰਸ਼ ਤੇ ਬਿਨਾ ਭ੍ਰਿਸ਼ਟਾਚਾਰ — ਸਿਰਫ਼ ਮੇਰਿਟ ਤੇ
* ਸਿੱਖਿਆ ਕ੍ਰਾਂਤੀ: 118 ਸਕੂਲਜ਼ ਆਫ ਐਮੀਨੈਂਸ ਤੇ 9000+ ਸਮਾਰਟ ਕਲਾਸਰੂਮਜ਼
* ਸੜਕਾਂ ਤੇ ਬੁਨਿਆਦੀ ਢਾਂਚੇ ਵਿੱਚ ਵੱਡੇ ਪੱਧਰ ਤੇ ਸੁਧਾਰ
* "ਯੁੱਧ ਨਸ਼ੇ ਦੇ ਵਿਰੁੱਧ" – 92,000 ਤੋਂ ਵੱਧ ਗ੍ਰਿਫ਼ਤਾਰੀਆਂ ਨਾਲ ਨਸ਼ਾ ਮਾਫੀਆ ਤੇ ਸਖ਼ਤ ਕਾਰਵਾਈ
* ਲਾਅ ਐਂਡ ਆਰਡਰ ਮਜ਼ਬੂਤ: ਆਪਰੇਸ਼ਨ ਪ੍ਰਹਾਰ ਨਾਲ ਗੈਂਗਸਟਰ ਰਾਜ ਤੇ ਨਕੇਲ

ਇਹ ਸਿਰਫ਼ ਉਪਲਬਧੀਆਂ ਨਹੀਂ, ਬਲਕਿ ਪੰਜਾਬ ਵਿੱਚ ਹੋਇਆ ਅਸਲੀ ਬਦਲਾਅ ਹੈ — ਜਿੱਥੇ ਪਹਿਲੀ ਵਾਰ ਆਮ ਆਦਮੀ ਆਪਣੇ ਆਪ ਨੂੰ ਸਰਕਾਰ ਦਾ ਹਿੱਸਾ ਮਹਿਸੂਸ ਕਰ ਰਿਹਾ ਹੈ।

ਇਹ ਉਹ ਸਰਕਾਰ ਹੈ ਜੋ ਬਿਨਾ ਕਿਸੇ ਭੇਦਭਾਵ ਦੇ ਹਰ ਵਰਗ ਦੇ ਵਿਕਾਸ ਲਈ ਇਮਾਨਦਾਰੀ ਨਾਲ ਲਗਾਤਾਰ ਕੰਮ ਕਰ ਰਹੀ ਹੈ।



**ਮੋਹਾਲੀ ਦੇ ਪਿਆਰੇ ਸਾਥਿਓ,**

ਤੁਹਾਡੇ ਪਿਆਰ ਤੇ ਆਸ਼ੀਰਵਾਦ ਨਾਲ, 4 ਸਾਲ ਪਹਿਲਾਂ ਤੁਸੀਂ ਮੈਨੂੰ ਆਪਣੀ ਸੇਵਾ ਦਾ ਮੌਕਾ ਦਿੱਤਾ — ਇਹ ਮੇਰੇ ਲਈ ਸਿਰਫ਼ ਜ਼ਿੰਮੇਵਾਰੀ ਨਹੀਂ, ਬਲਕਿ ਵੱਡਾ ਵਿਸ਼ਵਾਸ ਹੈ। ਮੈਂ ਰਾਜਨੀਤੀ ਨੂੰ ਕਦੇ ਵੀ ਦਿਖਾਵੇ ਜਾਂ ਸ਼ੋਰ-ਸ਼ਰਾਬੇ ਦਾ ਜ਼ਰੀਆ ਨਹੀਂ ਬਣਾਇਆ, ਬਲਕਿ ਮੋਹਾਲੀ ਦੀ ਮਿੱਟੀ ਨਾਲ ਜੁੜ ਕੇ ਚੁੱਪ-ਚਾਪ, ਇਮਾਨਦਾਰੀ ਨਾਲ ਲੋਕਾਂ ਦੀ ਸੇਵਾ ਨੂੰ ਆਪਣੀ ਪਹਿਚਾਣ ਬਣਾਇਆ ਹੈ। ਅੱਜ ਵੀ ਉਹੀ ਸੋਚ ਨਾਲ ਕੰਮ ਕਰ ਰਿਹਾ ਹਾਂ — ਬਿਨਾ ਕਿਸੇ ਭੇਦਭਾਵ ਦੇ, ਚਾਹੇ ਗਰੀਬ ਹੋਵੇ ਜਾਂ ਅਮੀਰ, ਹਰ ਵਿਅਕਤੀ ਲਈ ਇਕੋ ਨਜ਼ਰ ਨਾਲ ਖੜਾ ਹਾਂ।

ਮੇਰਾ ਹਮੇਸ਼ਾ ਇਹੀ ਮੰਨਣਾ ਰਿਹਾ ਹੈ ਕਿ ਨੇਤਾ ਦਾ ਕੰਮ ਸਿਰਫ਼ ਵਾਅਦੇ ਕਰਨਾ ਨਹੀਂ, ਬਲਕਿ ਹਰ ਰੋਜ਼ ਫੀਲਡ ਵਿੱਚ ਰਹਿ ਕੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਣਾ ਤੇ ਉਨ੍ਹਾਂ ਦਾ ਹੱਲ ਕਰਨਾ ਹੈ। ਚਾਹੇ ਮੋਹਾਲੀ ਦੀ ਆਵਾਜ਼ ਨੂੰ ਵਿਧਾਨ ਸਭਾ ਵਿੱਚ ਬੁਲੰਦ ਕਰਨਾ ਹੋਵੇ, ਨਵੇਂ ਪ੍ਰੋਜੈਕਟ ਲੈ ਕੇ ਆਉਣੇ ਹੋਣ, ਜਾਂ ਬੁਨਿਆਦੀ ਜ਼ਰੂਰਤਾਂ — ਸੜਕਾਂ, ਪਾਣੀ, ਸੀਵਰੇਜ, ਬਿਜਲੀ — ਤੇ ਲਗਾਤਾਰ ਕੰਮ ਕਰਨਾ ਹੋਵੇ, ਮੈਂ ਹਰ ਕਦਮ ਤੇ ਤੁਹਾਡੇ ਨਾਲ ਖੜਾ ਰਿਹਾ ਹਾਂ।

ਜਿੱਥੇ ਸਰਕਾਰੀ ਯੋਜਨਾਵਾਂ ਦੇ ਮਾਧਿਅਮ ਨਾਲ ਕੰਮ ਅੱਗੇ ਵਧਿਆ, ਉਹ ਪੂਰੀ ਇਮਾਨਦਾਰੀ ਨਾਲ ਸੁਨਿਸ਼ਚਿਤ ਕੀਤਾ ਗਿਆ। ਤੇ ਜਿੱਥੇ ਹੋਰ ਸਹਿਯੋਗ ਦੀ ਲੋੜ ਪਈ, ਉੱਥੇ ਵੀ ਸਮਾਜਿਕ ਜ਼ਿੰਮੇਵਾਰੀ ਸਮਝ ਕੇ ਜ਼ਰੂਰਤਮੰਦ ਪਰਿਵਾਰਾਂ ਤੱਕ ਸਹਾਇਤਾ ਪਹੁੰਚਾਉਣ ਦੀ ਲਗਾਤਾਰ ਕੋਸ਼ਿਸ਼ ਕੀਤੀ ਗਈ, ਤਾਂ ਕਿ ਕਿਸੇ ਵੀ ਪਰਿਵਾਰ ਨੂੰ ਆਪਣੇ ਬੁਨਿਆਦੀ ਅਧਿਕਾਰਾਂ ਤੋਂ ਵੰਚਿਤ ਨਾ ਰਹਿਣਾ ਪਵੇ।

ਮੋਹਾਲੀ ਦੀ ਸੁਰੱਖਿਆ ਲਈ ਪੁਲਿਸ ਵਿਭਾਗ ਨਾਲ ਲਗਾਤਾਰ ਸੰਪਰਕ ਤੇ ਮੀਟਿੰਗਾਂ ਕਰਕੇ ਲਾਅ ਐਂਡ ਆਰਡਰ ਨੂੰ ਮਜ਼ਬੂਤ ਕਰਨ ਲਈ ਨਿਰੰਤਰ ਪ੍ਰਯਾਸ ਕੀਤੇ ਗਏ। ਮਹਿਲਾਵਾਂ ਲਈ ਜਿੱਥੇ ਸਰਕਾਰ ਨੇ ਅਨੇਕ ਯੋਜਨਾਵਾਂ ਸ਼ੁਰੂ ਕੀਤੀਆਂ, ਉੱਥੇ ਨਾਲ ਹੀ ਆਪਣੇ ਸਤਰ ਤੇ ਵੀ ਸੈਲਫ-ਹੈਲਪ ਗਰੁੱਪਸ, ਸਕਿਲ ਡਿਵੈਲਪਮੈਂਟ ਇਨੀਸ਼ੀਏਟਿਵਜ਼, ਸਿਲਾਈ ਕੇਂਦਰਾਂ, ਕੰਪਿਊਟਰ ਟ੍ਰੇਨਿੰਗ ਵਰਗੇ ਪ੍ਰਯਾਸਾਂ ਦੇ ਜ਼ਰੀਏ ਉਨ੍ਹਾਂ ਨੂੰ ਆਰਥਿਕ ਰੂਪ ਤੋਂ ਮਜ਼ਬੂਤ ਬਣਨ ਲਈ ਪ੍ਰੋਤਸਾਹਿਤ ਕੀਤਾ ਗਿਆ। ਬੱਚਿਆਂ ਲਈ ਚੰਗੀ ਪੜ੍ਹਾਈ, ਸਕੂਲ ਸੁਵਿਧਾਵਾਂ, ਤੇ ਖੇਡ-ਕੂਦ ਦੇ ਖੇਤਰ ਵਿੱਚ ਲਗਾਤਾਰ ਭਾਗੀਦਾਰੀ ਦੇ ਨਾਲ ਉਨ੍ਹਾਂ ਨੂੰ ਅੱਗੇ ਵੱਧਣ ਲਈ ਮੌਕੇ ਪ੍ਰਦਾਨ ਕੀਤੇ ਗਏ।

ਪਿਛਲੇ 4 ਸਾਲਾਂ ਵਿੱਚ ਮੋਹਾਲੀ ਵਿੱਚ ਹੋਇਆ ਵਿਕਾਸ ਹਰ ਖੇਤਰ ਵਿੱਚ ਨਜ਼ਰ ਆਉਂਦਾ ਹੈ — ਸੜਕਾਂ ਤੇ ਕਨੈਕਟਿਵਿਟੀ, ਪਾਣੀ ਤੇ ਸੀਵਰੇਜ ਵਿਵਸਥਾ, ਸਿਹਤ ਸੇਵਾਵਾਂ, ਸਿੱਖਿਆ ਸੰਰਚਨਾ, ਬਿਜਲੀ ਸਪਲਾਈ, ਸਫਾਈ ਪ੍ਰਣਾਲੀ, ਸ਼ਹਿਰੀ ਵਿਕਾਸ, ਪਾਰਕਸ ਤੇ ਸਮੁਦਾਇਕ ਸੁਵਿਧਾਵਾਂ — ਇਹ ਸਭ ਤੁਹਾਡੇ ਵਿਸ਼ਵਾਸ ਤੇ ਸਾਂਝੇ ਪ੍ਰਯਾਸਾਂ ਦਾ ਨਤੀਜਾ ਹੈ।

ਮੈਂ ਅੱਜ ਵੀ ਇਹੀ ਵਾਅਦਾ ਕਰਦਾ ਹਾਂ ਕਿ ਬਿਨਾ ਕਿਸੇ ਭੇਦਭਾਵ ਦੇ, ਇਮਾਨਦਾਰੀ ਨਾਲ ਤੇ ਪੂਰੀ ਨਿਸ਼ਠਾ ਦੇ ਨਾਲ ਮੋਹਾਲੀ ਦੀ ਸੇਵਾ ਕਰਦਾ ਰਹਾਂਗਾ, ਤੇ ਤੁਹਾਡੇ ਵਿਸ਼ਵਾਸ ਤੇ ਉਮੀਦਾਂ ਤੇ ਖਰਾ ਉਤਰਨ ਲਈ ਲਗਾਤਾਰ ਮੇਹਨਤ ਕਰਦਾ ਰਹਾਂਗਾ।

ਤੁਹਾਡਾ ਵਿਸ਼ਵਾਸ ਹੀ ਮੇਰੀ ਤਾਕਤ ਹੈ।



**— ਸਰਦਾਰ ਕੁਲਵੰਤ ਸਿੰਘ**

# ਬੁਨਿਆਦੀ ਢਾਂਚਾ ਵਿਕਾਸ – ਸੜਕਾਂ ਅਤੇ ਕਨੈਕਟੀਵਿਟੀ

- ਪਿੰਡ ਕਨੈਕਟੀਵਿਟੀ ਰੋਡ ਪੈਕੇਜ (33 ਸੜਕਾਂ | 43 ਕਿ.ਮੀ. | ₹18.81 ਕਰੋੜ) - ₹18.81 ਕਰੋੜ ਦੇ ਮਨਜ਼ੂਰਸ਼ੁਦਾ ਬਜਟ ਨਾਲ 33 ਸੜਕਾਂ ਦੇ ਕੰਮ ਸ਼ੁਰੂ ਕੀਤੇ ਗਏ ਜੋ ਕੁੱਲ 43 ਕਿ.ਮੀ. ਲੰਬਾਈ ਨੂੰ ਕਵਰ ਕਰਦੀਆਂ ਹਨ, ਜਿਸ ਵਿੱਚ ਰਾਇਪੁਰ–ਧੁਰਾਲੀ; ਗੀਗੇਮਾਜਰਾ–ਗੁਡਾਣਾ; ਦਾਊਂ–ਰਾਮਗੜ੍ਹ; ਲਾਂਡਰਾਂ ਲਿੰਕ ਰੋਡ; ਧੀਰਪੁਰ–ਗੋਬਿੰਦਗੜ੍ਹ; ਖਰੜ–ਬਨੂਰ ਰੋਡ ਤੋਂ ਤੰਗੋਰੀ–ਕੁਰਾਰਾ–ਬਾੜੀ ਲਿੰਕ ਰੋਡ; ਤੰਗੋਰੀ–ਮਾਨਕਪੁਰ ਕੱਲਰ; ਬਾਕਰਪੁਰ–ਸਫੀਪੁਰ–ਨੰਡਿਆਲੀ; ਸੈਕਟਰ-82–ਮਨੌਲੀ; ਚਾਚੂ ਮਾਜਰਾ–ਬਾਕਰਪੁਰ–ਝੁੰਗੀਆਂ (ਗੁਰਦੁਆਰਾ ਸਾਹਿਬ ਹਿੱਸਾ ਚੌੜਾਈ); ਸੇਖਨ ਮਾਜਰਾ–ਕੁਰਾਰਾ; ਝਿਉਰਹੇੜੀ–ਅਲੀਪੁਰ; ਚੱਪੜਚਿੜੀ ਕਲਾਂ–ਚੱਪੜਚਿੜੀ ਖੁਰਦ; ਪਭਾਤ–ਅਲੀਪੁਰ–ਨੰਡਿਆਲੀ–ਦਿਆਲਪੁਰ NH-64 ਤੱਕ; ਕਾਂਬਲਾ–ਰੁੜਕਾ–ਧਰਮਗੜ੍ਹ–ਕੰਦਿਆਲਾ; ਕੁਰਾਰੀ–ਸੇਖਨ ਮਾਜਰਾ ਮੁੱਖ ਜ਼ਿਰਕਪੁਰ–ਬਨੂੜ ਰੋਡ ਲਿੰਕ; ਛੱਤ–ਬਾਕਰਪੁਰ; ਗੋਬਿੰਦਗੜ੍ਹ–ਢੇਲਪੁਰ; ਕੰਡਾਲਾ–ਨੰਡਿਆਲੀ–ਝਿਉਰਹੇੜੀ; ਬਲੌਂਗੀ ਗੁਰਦੁਆਰਾ ਸਾਹਿਬ ਤੋਂ ਮੇਨ ਰੋਡ; ਖਰੜ–ਚੰਡੀਗੜ੍ਹ ਰੋਡ ਤੋਂ ਬੜਮਾਜਰਾ–ਰਾਏਪੁਰ ਲਿੰਕ; ਢੇਲਪੁਰ–ਗੁਡਾਣਾ; ਪਿੰਡ ਝਿਉਰਹੇੜੀ–ਨੰਡਿਆਲੀ ਰੋਡ; ਮਨੌਲੀ-ਸਿਓ ਲਿੰਕ ਰੋਡ–ਪ੍ਰੇਮਗੜ੍ਹ ਅਤੇ ਪਿੰਡ ਪ੍ਰੇਮਗੜ੍ਹ ਲਿੰਕ; ਚੂਹੜਮਾਜਰਾ–ਸੈਦਪੁਰ; ਸੋਹਾਣਾ–ਸੰਭਾਲਕੀ–ਸੁਖਗੜ੍ਹ–ਨਾਨੂਮਾਜਰਾ–ਸਨੇਟਾ ਲਿੰਕ ਰੋਡ; ਬੱਲੋਮਾਜਰਾ ਲਿੰਕ ਰੋਡ (ਫਿਰਨੀ ਸਮੇਤ); ਗੀਗੇਮਾਜਰਾ ਫਿਰਨੀ; ਖਰੜ–ਬਨੂੜ ਰੋਡ ਤੋਂ ਰਾਏਪੁਰ ਕਲਾਂ; ਖਰੜ–ਬਨੂੜ ਰੋਡ ਤੋਂ ਸ਼ਮਸ਼ਪੁਰ ਲਿੰਕ; ਸੰਭਾਲਕੀ ਫਿਰਨੀ; ਫਿਰਨੀ ਬਰਿਆਲੀ; ਤਰੋਲੀ ਫਿਰਨੀ।
- ਧੁਰਾਲੀ–ਮਨੌਲੀ ਅਤੇ ਦੈਦੀ–ਚੌਮਾਜਰਾ ਲਿੰਕ ਰੋਡਜ਼ – ਨਵੇਂ ਲਿੰਕ ਰੋਡਜ਼ ਦੀ ਸ਼ੁਰੂਆਤ ਕਰਕੇ ਸਥਾਨਕ ਇਲਾਕਿਆਂ ਵਿੱਚ ਕਨੈਕਟਿਵਿਟੀ ਨੂੰ ਮਜ਼ਬੂਤ ਕੀਤਾ ਗਿਆ।
- ਚੱਪੜਚਿੜੀ ਕਲਾਂ–ਚੱਪੜਚਿੜੀ ਖੁਰਦ - ਸੰਰਚਨਾਤਮਕ ਮਜ਼ਬੂਤੀ ਅਤੇ ਨਵੀਂ ਸਰਫੇਸਿੰਗ ਨਾਲ ਅਪਗ੍ਰੇਡ ਕੀਤਾ ਗਿਆ।
- ਲਾਂਡਰਾਂ ਐਕਸੈਸ ਰੋਡ - ਐਕਸੈਸ ਰੋਡ ਅਤੇ ਅੰਦਰੂਨੀ ਪਿੰਡਾਂ ਦੀਆਂ ਲਿੰਕ ਸੜਕਾਂ ਮਜ਼ਬੂਤ ਕੀਤੀਆਂ ਗਈਆਂ ਤਾਂ ਜੋ ਕਨੈਕਟੀਵਿਟੀ ਸੁਧਰੇ।
- ਤੰਗੋਰੀ–ਮਾਨਕਪੁਰ ਕੱਲਰ ਅਤੇ ਸੇਖਨ ਮਾਜਰਾ - ਸੜਕ ਮਜ਼ਬੂਤੀ ਦੇ ਕੰਮਾਂ ਰਾਹੀਂ ਕਨੈਕਟੀਵਿਟੀ ਸੁਧਾਰੀ ਗਈ।
- ਫੇਜ਼-11 ਸ਼ਹਿਰੀ ਸੜਕਾਂ - ਸ਼ਹਿਰੀ ਸੜਕਾਂ ਦੀ ਮੁਰੰਮਤ ਅਤੇ ਡਰੇਨੇਜ ਸੁਧਾਰ ਦੇ ਕੰਮ ਪੂਰੇ ਕੀਤੇ ਗਏ।
- ਮੁੱਖ ਆਰਟਰੀਅਲ ਸੜਕਾਂ - ਸ਼ਹਿਰ-ਪੱਧਰੀ ਮੁੱਖ ਸੜਕਾਂ ਦੀ ਮੁਰੰਮਤ ਪ੍ਰੋਗਰਾਮ ਸ਼ੁਰੂ ਕੀਤਾ ਗਿਆ।
- ਛੇ-ਲੇਨ ਗ੍ਰੀਨਫੀਲਡ ਸਪਰ ਕਾਰਡੋਰ - ਖੇਤਰੀ ਕਨੈਕਟੀਵਿਟੀ ਲਈ ਛੇ-ਲੇਨ ਐਕਸੈਸ-ਕੰਟਰੋਲ ਗ੍ਰੀਨਫੀਲਡ ਸਪਰ ਕਾਰਡੋਰ ਨੂੰ ਯੋਜਨਾ ਪੱਧਰ 'ਤੇ ਮਨਜ਼ੂਰੀ ਦਿੱਤੀ ਗਈ (ਅੰਬਾਲਾ–ਚੰਡੀਗੜ੍ਹ ਹਾਈਵੇ ਤੋਂ ਜ਼ਿਰਕਪੁਰ ਬਾਈਪਾਸ ਤੱਕ)।



# ਸਿੱਖਿਆ ਅਤੇ ਗਿਆਨ ਬੁਨਿਆਦੀ ਢਾਂਚਾ



- ਸਕੂਲ ਆਫ ਐਮੀਨੈਂਸ – ਫੇਜ਼ 11 ਵਿੱਚ ਆਧੁਨਿਕ ਕਲਾਸਰੂਮ, ਵਿਗਿਆਨ ਲੈਬ, ਲਾਇਬ੍ਰੇਰੀ ਅਤੇ ਖੇਡ ਢਾਂਚੇ ਨਾਲ ਸਕੂਲ ਆਫ ਐਮੀਨੈਂਸ ਤਿਆਰ ਕੀਤਾ ਗਿਆ; ਸਰਕਾਰੀ ਉੱਚ ਸਿੱਖਿਆ ਦੀ ਪਹੁੰਚ ਵਧਾਉਣ ਲਈ ਫੇਜ਼ 3B1 ਵਿੱਚ ਦੂਜਾ ਸਕੂਲ ਆਫ ਐਮੀਨੈਂਸ ਸ਼ੁਰੂ ਕੀਤਾ ਗਿਆ।
- ਧੁਰਾਲੀ–ਮਨੌਲੀ ਅਤੇ ਦੈਰੀ–ਚਾਉਮਾਜਰਾ - ਸੈਕਟਰ-82 ਅਤੇ PR-7 ਕਾਰਡੋਰ ਵੱਲ ਕਨੈਕਟੀਵਿਟੀ ਸੁਧਾਰਨ ਲਈ ਚੌੜੀ ਕੀਤੀ ਗਈ।
- ਸਮਾਰਟ ਕਲਾਸਰੂਮ ਅਪਗ੍ਰੇਡ - ਦਾਊਂ, ਰਾਮਗੜ੍ਹ, ਰਾਏਪੁਰ, ਫੇਜ਼ 6 ਅਤੇ ਫੇਜ਼ 11 ਦੇ ਸਰਕਾਰੀ ਸਕੂਲਾਂ ਵਿੱਚ ਡਿਜ਼ੀਟਲ ਸਿੱਖਿਆ ਸਾਧਨਾਂ ਨਾਲ ਸਮਾਰਟ ਕਲਾਸਰੂਮ ਸ਼ੁਰੂ ਕੀਤੇ ਗਏ।
- ਪਿੰਡ ਸਕੂਲ ਬੁਨਿਆਦੀ ਢਾਂਚਾ ਵਿਕਾਸ - ਚੱਪੜਚਿੜੀ ਕਲਾਂ, ਚੱਪੜਚਿੜੀ ਖੁਰਦ, ਕੈਲੋਂ ਅਤੇ ਸਨੇਟਾ ਦੇ ਸਰਕਾਰੀ ਸਕੂਲਾਂ ਵਿੱਚ ਬਾਊਂਡਰੀ ਵਾਲ ਅਤੇ ਹੋਰ ਬੁਨਿਆਦੀ ਢਾਂਚਾ ਸੁਧਾਰਨ ਦੇ ਕੰਮ ਪੂਰੇ ਕੀਤੇ ਗਏ।
- ਪਬਲਿਕ ਲਾਇਬ੍ਰੇਰੀਆਂ – ਸੈਕਟਰ 77, 78, 79 ਅਤੇ 80 ਵਿੱਚ ਆਧੁਨਿਕ ਪਬਲਿਕ ਲਾਇਬ੍ਰੇਰੀਆਂ ਤਿਆਰ ਕੀਤੀਆਂ ਗਈਆਂ, ਜੋ ਪਾਠਕਾਂ ਲਈ ਮੁਕਾਬਲੇ ਪ੍ਰੀਖਿਆ ਤਿਆਰੀ ਅਤੇ ਸਵੈ-ਅਧਿਐਨ ਲਈ ਸਹਾਇਕ ਹਨ।



# ਸਿਹਤ ਸੇਵਾਵਾਂ ਅਤੇ ਮੈਡੀਕਲ ਬੁਨਿਆਦੀ ਢਾਂਚਾ



- ਐਡਵਾਂਸਡ ਲਿਵਰ ਇੰਸਟੀਚਿਊਟ ਪ੍ਰੋਜੈਕਟ ਦੀ ਦੁਬਾਰਾ ਸ਼ੁਰੂਆਤ - ਮੋਹਾਲੀ ਵਿੱਚ ਲੰਬੇ ਸਮੇਂ ਤੋਂ ਲਟਕ ਰਹੇ ਐਡਵਾਂਸਡ ਲਿਵਰ ਇੰਸਟੀਚਿਊਟ ਪ੍ਰੋਜੈਕਟ ਦਾ ਨਿਰਮਾਣ ਦੁਬਾਰਾ ਸ਼ੁਰੂ ਕੀਤਾ ਗਿਆ, ਜਿਸ ਨਾਲ ਖੇਤਰ ਵਿੱਚ ਤੀਸਰੇ ਪੱਧਰ ਦੀ ਸਿਹਤ ਸਹੂਲਤ ਮਜ਼ਬੂਤ ਹੋਈ।
- ਮੁਹੱਲਾ ਕਲੀਨਿਕ – ਫੇਜ਼ 3B2, ਮਟੌਰ ਅਤੇ ਲਾਂਡਰਾਂ ਵਿੱਚ ਮੁਹੱਲਾ ਕਲੀਨਿਕ ਚਾਲੂ ਕੀਤੇ ਗਏ ਜਿੱਥੇ ਮੁਫ਼ਤ ਡਾਕਟਰੀ ਸਲਾਹ, ਜ਼ਰੂਰੀ ਦਵਾਈਆਂ ਅਤੇ ਬੁਨਿਆਦੀ ਟੈਸਟ ਸੇਵਾਵਾਂ ਉਪਲਬਧ ਹਨ।
- ਪਿੰਡ ਡਿਸਪੈਂਸਰੀਆਂ ਅਪਗ੍ਰੇਡ - ਸਨੇਟਾ, ਰਾਏਪੁਰ ਕਲਾਂ, ਕੁੰਬੜਾ ਅਤੇ ਬਲੌਂਗੀ ਦੀਆਂ ਸਰਕਾਰੀ ਡਿਸਪੈਂਸਰੀਆਂ ਨੂੰ ਸੁਧਰੇ ਹੋਏ ਢਾਂਚੇ ਅਤੇ ਬੁਨਿਆਦੀ ਮੈਡੀਕਲ ਸਹੂਲਤਾਂ ਨਾਲ ਅਪਗ੍ਰੇਡ ਕੀਤਾ ਗਿਆ।
- ਸਿਵਲ ਹਸਪਤਾਲ, ਫੇਜ਼ 6 – ਢਾਂਚਾ ਸੁਧਾਰ - ਸਿਵਲ ਹਸਪਤਾਲ ਫੇਜ਼ 6 ਵਿੱਚ ਢਾਂਚਾਗਤ ਸੁਧਾਰ ਕੀਤੇ ਗਏ, ਜਿਸ ਵਿੱਚ ਲਗਭਗ ₹30 ਲੱਖ ਦੀ ਨਿੱਜੀ ਰਕਮ ਨਾਲ ਨਵਾਂ ਏਅਰ-ਕੰਡੀਸ਼ਨਡ ਵੇਟਿੰਗ ਹਾਲ ਤਿਆਰ ਕੀਤਾ ਗਿਆ।
- ESI ਹਸਪਤਾਲ, ਮੋਹਾਲੀ ਵਿੱਚ ਡਾਇਗਨੋਸਟਿਕ ਸਹੂਲਤ - ESI ਹਸਪਤਾਲ ਵਿੱਚ ਟੈਸਟਿੰਗ ਸਮਰੱਥਾ ਵਧਾਉਣ ਅਤੇ ਨਿੱਜੀ ਸੈਂਟਰਾਂ ‘ਤੇ ਨਿਰਭਰਤਾ ਘਟਾਉਣ ਲਈ ਡਾਇਗਨੋਸਟਿਕ ਸਹੂਲਤਾਂ ਮਜ਼ਬੂਤ ਕੀਤੀਆਂ ਗਈਆਂ।
- ਵਿਧਾਨ ਸਭਾ ਵਿੱਚ ਸਿਹਤ ਜਵਾਬਦੇਹੀ - ਮੋਹਾਲੀ ਦੀਆਂ ਡਿਸਪੈਂਸਰੀਆਂ ਵਿੱਚ ਮੈਡੀਕਲ ਸਟਾਫ ਦੀ ਘਾਟ ਦਾ ਮਾਮਲਾ ਪੰਜਾਬ ਵਿਧਾਨ ਸਭਾ ਵਿੱਚ ਉਠਾਇਆ ਗਿਆ ਅਤੇ ਸੈਕਟਰ 69 ਅਤੇ ਸਨੇਟਾ ਡਿਸਪੈਂਸਰੀ ਇਮਾਰਤਾਂ ਵਿੱਚ ਤਾਇਨਾਤੀ ਦੀ ਮੰਗ ਕੀਤੀ ਗਈ।



# ਸ਼ਹਿਰੀ ਯੋਜਨਾ, ਆਵਾਜਾਈ ਅਤੇ ਸ਼ਹਿਰੀ ਬੁਨਿਆਦੀ ਢਾਂਚਾ



- ਸ਼ਹਿਰ-ਪੱਧਰੀ CCTV ਨਿਗਰਾਨੀ ਅਤੇ ਟ੍ਰੈਫਿਕ ਮੈਨੇਜਮੈਂਟ ਸਿਸਟਮ - ਮੁੱਖ ਚੌਰਾਹਿਆਂ ‘ਤੇ 350 ਤੋਂ ਵੱਧ CCTV ਕੈਮਰੇ ਲਗਾਏ ਗਏ ਅਤੇ ਸੈਕਟਰ 79 ਵਿੱਚ ਇੰਟੀਗ੍ਰੇਟਡ ਕਮਾਂਡ ਐਂਡ ਕੰਟਰੋਲ ਸੈਂਟਰ ਸਥਾਪਿਤ ਕੀਤਾ ਗਿਆ, ਜਿਸ ਨਾਲ ਰੀਅਲ-ਟਾਈਮ ਮਾਨੀਟਰਿੰਗ, ਟ੍ਰੈਫਿਕ ਨਿਯੰਤਰਣ ਅਤੇ ਈ-ਚਲਾਨ ਲਾਗੂ ਕਰਨ ਦੀ ਸੁਵਿਧਾ ਮਿਲੀ; ਵਿਆਪਕ ਕਵਰੇਜ ਲਈ ਫੇਜ਼-2 ਵਿਸਥਾਰ ਵਿਚਾਰਧੀਨ ਹੈ।
- ISBT ਮੋਹਾਲੀ ਅਤੇ ਭਵਿੱਖੀ ਆਵਾਜਾਈ ਯੋਜਨਾ - ਫੇਜ਼ 6 ਵਿਖੇ ਮੌਜੂਦਾ ISBT ਵੱਧ ਰਹੇ ਯਾਤਰੀ ਭਾਰ ਨੂੰ ਸੇਵਾ ਦੇ ਰਿਹਾ ਹੈ, ਜਦਕਿ IT ਸਿਟੀ ਅਤੇ ਨਾਲ ਲੱਗਦੇ ਵਿਕਾਸ ਕਾਰਡੋਰਾਂ ਦੇ ਨੇੜੇ ਭਵਿੱਖੀ ਆਵਾਜਾਈ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਿਚਾਰ-ਵਟਾਂਦਰੇ ਅਤੇ ਯੋਜਨਾਵਾਂ ਕੀਤੀਆਂ ਗਈਆਂ।
- GMADA ਪ੍ਰੋਜੈਕਟ ਸਮੀਖਿਆ ਅਤੇ ਤਾਲਮੇਲ - ਮੁੱਖ ਸ਼ਹਿਰੀ ਰੋਡ ਲਿੰਕ, PR-7 ਕਨੈਕਟੀਵਿਟੀ ਕੰਮ, ਚੌਰਾਹਾ ਅਪਗ੍ਰੇਡ ਅਤੇ ਏਰੋਸਿਟੀ ਐਕਸੈਸ ਸੁਧਾਰਾਂ ਦੀ ਤਰੱਕੀ ਲਈ GMADA ਨਾਲ ਨਿਯਮਿਤ ਤਾਲਮੇਲ ਕੀਤਾ ਗਿਆ।
- ਚੌਰਾਹਾ ਅਤੇ ਇੰਟਰਸੈਕਸ਼ਨ ਸੁਧਾਰ - ਸੋਹਾਣਾ, ਸੈਕਟਰ 68–69 ਅਤੇ ਸੈਕਟਰ 78–79 ਸਮੇਤ ਕਈ ਚੌਰਾਹਿਆਂ ਅਤੇ T-ਪੌਇੰਟਾਂ ‘ਤੇ ਭੀੜ ਘਟਾਉਣ ਅਤੇ ਟ੍ਰੈਫਿਕ ਸੁਚਾਰੂ ਕਰਨ ਲਈ ਸੁਧਾਰ ਦੇ ਕੰਮ ਸ਼ੁਰੂ ਕੀਤੇ ਗਏ।
- ਸੜਕ ਚੌੜਾਈ ਅਤੇ ਸ਼ਹਿਰੀ ਕਾਰਡੋਰ ਸੁਧਾਰ - ਕੁੰਬੜਾ ਚੌਂਕ ਤੋਂ ਬਾਵਾ ਵਾਈਟ ਹਾਊਸ ਹਿੱਸੇ ਅਤੇ ਵਿਕਾਸਸ਼ੀਲ ਸੈਕਟਰਾਂ ਨਾਲ ਜੁੜੀਆਂ ਸੜਕਾਂ ਸਮੇਤ ਮੁੱਖ ਸ਼ਹਿਰੀ ਦਾਖਲਾ ਮਾਰਗਾਂ ‘ਤੇ ਸੜਕ ਚੌੜਾਈ ਅਤੇ ਕਾਰਡੋਰ ਮਜ਼ਬੂਤੀ ਦੇ ਕੰਮ ਤਰਜੀਹ ਨਾਲ ਕੀਤੇ ਗਏ।
- ਏਅਰਪੋਰਟ ਰੋਡ ਟ੍ਰੈਫਿਕ ਮੈਨੇਜਮੈਂਟ ਕੰਮ - ਏਅਰਪੋਰਟ ਰੋਡ ‘ਤੇ ਮੁੱਖ ਚੌਰਾਹਿਆਂ ‘ਤੇ ਸੁਰੱਖਿਆ ਵਧਾਉਣ ਅਤੇ ਟ੍ਰੈਫਿਕ ਪ੍ਰਵਾਹ ਨਿਯੰਤਰਿਤ ਕਰਨ ਲਈ ਰਾਊਂਡਅਬਾਊਟ ਵਿਕਾਸ ਅਤੇ ਟ੍ਰੈਫਿਕ-ਕੈਲਮਿੰਗ ਕਦਮ ਸ਼ੁਰੂ ਕੀਤੇ ਗਏ।
- ਸ਼ਹਿਰੀ ਸੜਕ ਮੁਰੰਮਤ ਪ੍ਰੋਗਰਾਮ - ਰਾਜ-ਪੱਧਰੀ ਬੁਨਿਆਦੀ ਢਾਂਚਾ ਪਹਿਲਾਂ ਹੇਠ ਵੱਡੇ ਪੱਧਰ ‘ਤੇ ਸ਼ਹਿਰੀ ਸੜਕਾਂ ਦੀ ਮੁਰੰਮਤ ਅਤੇ ਮਜ਼ਬੂਤੀ ਪ੍ਰੋਗਰਾਮ ਨੂੰ ਅੱਗੇ ਵਧਾਇਆ ਗਿਆ, ਜਿਸ ਨਾਲ ਮੁੱਖ ਆਰਟਰੀਅਲ ਸੜਕਾਂ ਨੂੰ ਅਪਗ੍ਰੇਡ ਕਰਕੇ ਲੰਬੇ ਸਮੇਂ ਲਈ ਟਿਕਾਊਪਨ ਯਕੀਨੀ ਬਣਾਇਆ ਗਿਆ।
- ਭੀੜ ਘਟਾਉਣ ਲਈ ਪ੍ਰਸਤਾਵਿਤ ਸ਼ਹਿਰੀ ਪੁਲ - N-ਚੋਏ ਅਤੇ ਨਾਲ ਲੱਗਦੇ ਸੈਕਟਰਾਂ ਦੇ ਨੇੜੇ ਟ੍ਰੈਫਿਕ ਬਾਟਲਨੈਕ ਘਟਾਉਣ ਅਤੇ ਲਗਾਤਾਰ ਕਨੈਕਟੀਵਿਟੀ ਸੁਧਾਰਣ ਲਈ ਪੁਲ ਵਿਕਾਸ ਪ੍ਰਸਤਾਵ ਮਨਜ਼ੂਰ ਕੀਤੇ ਗਏ।





AAP

# ਸੀਵਰੇਜ, ਡਰੇਨੇਜ ਅਤੇ ਕਚਰਾ ਪ੍ਰਬੰਧਨ



- ਸੈਕਟਰ 83 ਸੀਵਰੇਜ ਟ੍ਰੀਟਮੈਂਟ ਪਲਾਂਟ - ਸੈਕਟਰ 83 ਵਿੱਚ 15 MGD ਸੀਵਰੇਜ ਟ੍ਰੀਟਮੈਂਟ ਪਲਾਂਟ ਪ੍ਰੋਜੈਕਟ ਨੂੰ ਅੱਗੇ ਵਧਾਇਆ ਗਿਆ ਤਾਂ ਜੋ ਟ੍ਰੀਟਮੈਂਟ ਸਮਰੱਥਾ ਵਧੇ, ਟ੍ਰੀਟ ਕੀਤੇ ਪਾਣੀ ਦੀ ਦੁਬਾਰਾ ਵਰਤੋਂ ਪ੍ਰੋਤਸਾਹਿਤ ਹੋਵੇ ਅਤੇ ਸੌਰ ਘਟਕ ਸ਼ਾਮਲ ਕੀਤੇ ਜਾਣ।
- ਸੀਵਰ ਲਾਈਨ ਵਿਸਥਾਰ - ਘਣੀ ਅਬਾਦੀ ਵਾਲੇ ਖੇਤਰਾਂ ਵਿੱਚ ਓਵਰਫਲੋ ਅਤੇ ਵਾਰ ਵਾਰ ਜਾਮ ਹੋਣ ਦੀ ਸਮੱਸਿਆ ਦੂਰ ਕਰਨ ਲਈ ਫੇਜ਼ 4 ਅਤੇ ਫੇਜ਼ 3B1–3B2 ਦਰਮਿਆਨ ਨਵੀਆਂ ਸੀਵਰ ਲਾਈਨਾਂ ਵਿਛਾਈਆਂ ਗਈਆਂ।
- ਮੀਂਹ ਪਾਣੀ ਡਰੇਨ ਡੀ-ਸਿਲਟਿੰਗ ਅਤੇ ਡਰੇਨੇਜ ਸੁਧਾਰ - ਮਾਨਸੂਨ ਦੌਰਾਨ ਪਾਣੀ ਖੜ੍ਹਾ ਹੋਣ ਦੀ ਸਮੱਸਿਆ ਘਟਾਉਣ ਲਈ ਸੈਕਟਰਾਂ ਵਿੱਚ ਮੀਂਹ ਪਾਣੀ ਵਾਲੀਆਂ ਨਾਲੀਆਂ ਦੀ ਸਫਾਈ ਅਤੇ ਡੀ-ਸਿਲਟਿੰਗ ਕੀਤੀ ਗਈ।
- ਮਕੈਨਿਕਲ ਰੋਡ ਸਵੀਪਰ ਅਤੇ ਸ਼ਹਿਰੀ ਸਫਾਈ - ਨਗਰ ਨਿਗਮ ਦੇ ਸਹਿਯੋਗ ਨਾਲ ਮੁੱਖ ਸੜਕਾਂ ‘ਤੇ ਸਫਾਈ ਮਜ਼ਬੂਤ ਕਰਨ ਲਈ ਮਕੈਨਿਕਲ ਰੋਡ ਸਵੀਪਿੰਗ ਮਸ਼ੀਨਾਂ ਦੀ ਸ਼ੁਰੂਆਤ ਅਤੇ ਵਿਸਥਾਰ ਕੀਤਾ ਗਿਆ।
- ਜਗਤਪੁਰਾ ਸਾਲਿਡ ਵੇਸਟ ਪ੍ਰੋਸੈਸਿੰਗ ਪਲਾਂਟ - ਵਿਗਿਆਨਕ ਢੰਗ ਨਾਲ ਕਚਰਾ ਸੰਭਾਲਣ ਅਤੇ ਲੈਂਡਫਿਲ ‘ਤੇ ਦਬਾਅ ਘਟਾਉਣ ਲਈ ਸਾਲਿਡ ਵੇਸਟ ਪ੍ਰੋਸੈਸਿੰਗ ਸਹੂਲਤ ਮਜ਼ਬੂਤ ਕੀਤੀ ਗਈ।
- ਸਮਗੋਲੀ ਬਾਇਓਗੈਸ ਪਲਾਂਟ ਪ੍ਰੋਜੈਕਟ - ਜੈਵਿਕ ਕਚਰੇ ਨੂੰ ਊਰਜਾ ਵਿੱਚ ਬਦਲਣ ਲਈ ਸਮਗੋਲੀ ਵਿਖੇ ਪ੍ਰਸਤਾਵਿਤ ਬਾਇਓਗੈਸ ਪਲਾਂਟ ਲਈ ਜ਼ਮੀਨ ਪ੍ਰਾਪਤ ਕੀਤੀ ਗਈ।
- ਘਰ-ਘਰ ਕਚਰਾ ਇਕੱਠਾ ਕਰਨ ਅਤੇ ਅਲੱਗ ਕਰਨ ਮੁਹਿੰਮ - ਘਰੇਲੂ ਕਚਰਾ ਪ੍ਰਬੰਧਨ ਸੁਧਾਰਨ ਲਈ ਨਗਰ ਪੱਧਰ ‘ਤੇ ਘਰ-ਘਰ ਕਚਰਾ ਇਕੱਠਾ ਕਰਨ ਅਤੇ ਅਲੱਗ ਕਰਨ ਦੀ ਮੁਹਿੰਮ ਲਾਗੂ ਕੀਤੀ ਗਈ।
- ਸ਼ਹਿਰੀ ਕਚਰਾ ਪ੍ਰਬੰਧਨ ਮੁੱਦਾ ਵਿਧਾਨ ਸਭਾ ਵਿੱਚ ਉਠਾਇਆ – ਮੋਹਾਲੀ ਵਿੱਚ ਵੇਸਟ ਪ੍ਰੋਸੈਸਿੰਗ ਪਲਾਂਟ ਦੀ ਦੇਰੀ ਅਤੇ ਕਚਰਾ ਪ੍ਰਬੰਧਨ ਦੀ ਸਮੱਸਿਆ ਸੰਬੰਧੀ ਮੁੱਦਾ ਉਠਾਕੇ ਜਲਦੀ ਹੱਲ ਲਈ ਸਰਕਾਰ ਤੋਂ ਭਰੋਸਾ ਲਿਆ ਗਿਆ।



# ਪਾਣੀ ਸਪਲਾਈ ਅਤੇ ਛੱਪੜ ਵਿਕਾਸ



- ਪਿੰਡਾਂ ਵਿੱਚ ਨਵੇਂ ਟਿਊਬਵੈੱਲ ਲਗਾਉਣ - ਦਾਊਂ, ਰਾਮਗੜ੍ਹ, ਜੁਝਾਰ ਨਗਰ, ਬਡਮਾਜਰਾ, ਲਾਂਡਰਾਂ, ਸੋਹਾਣਾ, ਸਿਓਂ, ਬਬਰਪੁਰ, ਅਲੀਪੁਰ, ਤੜੌਲੀ, ਬਲੌਂਗੀ ਅਤੇ ਜਗਤਪੁਰਾ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਮਜ਼ਬੂਤ ਕਰਨ ਲਈ ਨਵੇਂ ਟਿਊਬਵੈੱਲ ਲਗਾਏ ਗਏ।
- ਨਹਿਰ-ਆਧਾਰਿਤ ਪਾਣੀ ਸਪਲਾਈ ਅਤੇ UGSR ਮਜ਼ਬੂਤੀ - ਪਾਣੀ ਦੀ ਵੰਡ ਸੁਧਾਰਣ ਅਤੇ ਭੂਮੀਗਤ ਪਾਣੀ ‘ਤੇ ਨਿਰਭਰਤਾ ਘਟਾਉਣ ਲਈ ਨਹਿਰ-ਆਧਾਰਿਤ ਸਪਲਾਈ ਪ੍ਰਣਾਲੀਆਂ ਅਤੇ ਅੰਡਰਗ੍ਰਾਊਂਡ ਸਟੋਰੇਜ ਰਿਜ਼ਰਵਾਇਰ ਮਜ਼ਬੂਤ ਕੀਤੇ ਗਏ।
- ਸ਼ਹਿਰੀ ਪਾਣੀ ਪਾਈਪਲਾਈਨ ਸੁਧਾਰ - ਸੈਕਟਰ-ਪੱਧਰੀ ਪਾਈਪਲਾਈਨਾਂ ਦੀ ਰੱਖ-ਰਖਾਅ ਅਤੇ ਅਪਗ੍ਰੇਡ ਕੀਤੀ ਗਈ ਤਾਂ ਜੋ ਸਪਲਾਈ ਦੀ ਭਰੋਸੇਯੋਗਤਾ ਵਧੇ ਅਤੇ ਰਿਸਾਅ ਦੀ ਸਮੱਸਿਆ ਦੂਰ ਹੋਵੇ।
- ਪਿੰਡ ਛੱਪੜ ਸਫਾਈ ਅਤੇ ਪੁਨਰ ਸਥਾਪਨਾ - ਭਾਗੋ ਮਾਜਰਾ, ਬੱਲੋਮਾਜਰਾ, ਬਲੌਂਗੀ, ਲਾਂਡਰਾਂ, ਮਟੌਰ ਅਤੇ ਸੋਹਾਣਾ ਦੇ ਛੱਪੜਾਂ ਦੀ ਸਫਾਈ, ਡੀ-ਸਿਲਟਿੰਗ ਅਤੇ ਪੁਨਰ ਸਥਾਪਨਾ ਕੀਤੀ ਗਈ।
- AMRUT 2.0 – ਸੋਹਾਣਾ ਛੱਪੜ ਪੁਨਰਵਿਕਾਸ - AMRUT 2.0 ਹੇਠ ਸੋਹਾਣਾ ਪਿੰਡ ਦੇ ਛੱਪੜ ਦਾ ਪੁਨਰਵਿਕਾਸ ਕੀਤਾ ਗਿਆ ਜਿਸ ਵਿੱਚ ਡੀ-ਸਿਲਟਿੰਗ ਅਤੇ ਕੰਢਿਆਂ ਦੀ ਮਜ਼ਬੂਤੀ ਸ਼ਾਮਲ ਹੈ।






AAP

# ਬਿਜਲੀ ਸਪਲਾਈ ਅਤੇ ਵਿਧੀਗਤ ਬੁਨਿਆਦੀ ਢਾਂਚਾ



- ਮੋਹਾਲੀ ਲਈ ₹728 ਕਰੋੜ ਦਾ ਪਾਵਰ ਗ੍ਰਿਡ ਮਜ਼ਬੂਤੀਕਰਨ - ₹728 ਕਰੋੜ ਦੀ ਬਿਜਲੀ ਬੁਨਿਆਦੀ ਢਾਂਚਾ ਮਜ਼ਬੂਤੀ ਯੋਜਨਾ ਲਾਗੂ ਕੀਤੀ ਗਈ ਜਿਸ ਹੇਠ ਸਬਸਟੇਸ਼ਨ ਅਪਗ੍ਰੇਡ, ਟ੍ਰਾਂਸਮਿਸ਼ਨ ਅਤੇ ਡਿਸਟ੍ਰੀਬਿਊਸ਼ਨ ਨੈੱਟਵਰਕ ਮਜ਼ਬੂਤ ਕਰਨ ਅਤੇ ਬਿਜਲੀ ਕੱਟ ਘਟਾਉਣ ਦੇ ਕਦਮ ਸ਼ਾਮਲ ਹਨ।
- ਨਵੇਂ ਸਬਸਟੇਸ਼ਨ ਅਤੇ ਸਮਰੱਥਾ ਵਾਧਾ - ਵਿਸਥਾਰਸ਼ੀਲ ਰਿਹਾਇਸ਼ੀ ਅਤੇ ਉਦਯੋਗਿਕ ਖੇਤਰਾਂ ਵਿੱਚ ਵੱਧ ਰਹੇ ਲੋਡ ਨੂੰ ਸੰਭਾਲਣ ਲਈ ਨਵੇਂ ਸਬਸਟੇਸ਼ਨ ਸਥਾਪਿਤ ਕੀਤੇ ਗਏ ਅਤੇ ਮੌਜੂਦਾ ਸਬਸਟੇਸ਼ਨਾਂ ਦੀ ਸਮਰੱਥਾ ਵਧਾਈ ਗਈ।
- ਸਥਾਨਕ ਡਿਸਟ੍ਰੀਬਿਊਸ਼ਨ ਨੈੱਟਵਰਕ ਮਜ਼ਬੂਤੀ - ਸੈਕਟਰਾਂ ਅਤੇ ਪਿੰਡਾਂ ਵਿੱਚ ਟ੍ਰਾਂਸਫਾਰਮਰ, ਫੀਡਰ ਅਤੇ ਲੋ-ਟੈਂਸ਼ਨ ਲਾਈਨਾਂ ਅਪਗ੍ਰੇਡ ਕੀਤੀਆਂ ਗਈਆਂ ਤਾਂ ਜੋ ਵੋਲਟੇਜ ਉਤਾਰ-ਚੜ੍ਹਾਅ ਘਟਾਇਆ ਜਾ ਸਕੇ।
- ਉਦਯੋਗਿਕ ਅਤੇ IT ਖੇਤਰਾਂ ਲਈ ਬਿਜਲੀ ਯੋਜਨਾ - ਰੋਜ਼ਗਾਰ ਕੇਂਦਰਾਂ ਲਈ ਬਿਨਾਂ ਰੁਕਾਵਟ ਬਿਜਲੀ ਯਕੀਨੀ ਬਣਾਉਣ ਵਾਸਤੇ ਵਧ ਰਹੀ ਉਦਯੋਗਿਕ ਅਤੇ IT ਗਤੀਵਿਧੀ ਨਾਲ ਬਿਜਲੀ ਸਪਲਾਈ ਨੂੰ ਬਿਹਤਰ ਕੀਤਾ ਗਿਆ।
- ਬਿਜਲੀ ਨਿਗਰਾਨੀ ਅਤੇ ਫਾਲਟ ਰਿਸਪਾਂਸ ਸੁਧਾਰ - ਫਾਲਟ ਦੀ ਪਹਿਚਾਣ, ਜਵਾਬੀ ਸਮਾਂ ਅਤੇ ਰੱਖ-ਰਖਾਅ ਕੁਸ਼ਲਤਾ ਸੁਧਾਰਨ ਲਈ ਬਿਜਲੀ ਵਿਭਾਗ ਨਾਲ ਤਾਲਮੇਲ ਮਜ਼ਬੂਤ ਕੀਤਾ ਗਿਆ।
- ਜਗਤਪੁਰਾ ਟ੍ਰਾਂਸਫਾਰਮਰ ਅੱਪਗ੍ਰੇਡ – ਜਗਤਪੁਰਾ ਇਲਾਕੇ ਵਿੱਚ 5 ਟ੍ਰਾਂਸਫਾਰਮਰ (100 KVA ਤੋਂ 200 KVA) ਅੱਪਗ੍ਰੇਡ ਕੀਤੇ ਗਏ।



AAP

# ਕਾਨੂੰਨ-ਵਿਵਸਥਾ, ਜਨ ਸੁਰੱਖਿਆ ਅਤੇ ਨਸ਼ਾ ਨਿਯੰਤਰਣ



- ਨਸ਼ਿਆਂ ਖ਼ਿਲਾਫ਼ ਜੰਗ – ਜਾਗਰੂਕਤਾ ਅਤੇ ਸਮੁਦਾਇਕ ਕਾਰਵਾਈ - ਪੁਲਿਸ ਅਤੇ ਸਥਾਨਕ ਸਟੇਕਹੋਲਡਰਾਂ ਦੇ ਸਹਿਯੋਗ ਨਾਲ ਪਿੰਡ ਮੀਟਿੰਗਾਂ, ਜਨ-ਸੰਪਰਕ ਅਤੇ ਯੂਥ ਪ੍ਰੋਗਰਾਮਾਂ ਰਾਹੀਂ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮਾਂ ਚਲਾਈਆਂ ਗਈਆਂ।

- ਨਸ਼ਿਆਂ ਖ਼ਿਲਾਫ਼ ਜੰਗ – ਜਾਗਰੂਕਤਾ ਅਤੇ ਸਮੁਦਾਇਕ ਕਾਰਵਾਈ - ਪੁਲਿਸ ਅਤੇ ਸਥਾਨਕ ਸਟੇਕਹੋਲਡਰਾਂ ਦੇ ਸਹਿਯੋਗ ਨਾਲ ਪਿੰਡ ਮੀਟਿੰਗਾਂ, ਜਨ-ਸੰਪਰਕ ਅਤੇ ਯੂਥ ਪ੍ਰੋਗਰਾਮਾਂ ਰਾਹੀਂ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮਾਂ ਚਲਾਈਆਂ ਗਈਆਂ।

- ਨਿਗਰਾਨੀ ਅਤੇ ਪੁਲਿਸ ਸਹਾਇਤਾ ਮਜ਼ਬੂਤੀ - ਵਧਾਈ ਗਈ CCTV ਕਵਰੇਜ ਅਤੇ ਕੇਂਦਰੀਕ੍ਰਿਤ ਮਾਨੀਟਰਿੰਗ ਰਾਹੀਂ ਜਵਾਬੀ ਸਮਾਂ ਸੁਧਾਰਿਆ ਗਿਆ ਅਤੇ ਅਪਰਾਧਕ ਗਤੀਵਿਧੀਆਂ ਨੂੰ ਰੋਕਣ ਵਿੱਚ ਮਦਦ ਮਿਲੀ।

- ਜਨ ਸੁਰੱਖਿਆ ਅਤੇ ਜਵਾਬਦੇਹੀ ਕਦਮ - ਕਾਨੂੰਨ-ਵਿਵਸਥਾ ਨਾਲ ਸੰਬੰਧਿਤ ਮਸਲੇ ਸੰਬੰਧਿਤ ਮੰਚਾਂ 'ਤੇ ਨਿਯਮਿਤ ਤੌਰ 'ਤੇ ਉਠਾਏ ਗਏ ਤਾਂ ਜੋ ਪ੍ਰਸ਼ਾਸਨਿਕ ਧਿਆਨ ਅਤੇ ਜਵਾਬਦੇਹੀ ਯਕੀਨੀ ਬਣੇ।



# ਵੱਡੇ ਨਿਵੇਸ਼, ਰੋਜ਼ਗਾਰ ਅਤੇ ਆਰਥਿਕ ਵਿਕਾਸ




- ਇਨਫੋਸਿਸ ਕੈਂਪਸ – ਇਨਫੋਸਿਸ ਵੱਲੋਂ ਮੋਹਾਲੀ ਵਿੱਚ 30 ਏਕੜ ਵਿੱਚ ਲਗਭਗ ₹300 ਕਰੋੜ ਦੇ ਨਿਵੇਸ਼ ਨਾਲ ਕੈਂਪਸ ਦਾ ਐਲਾਨ ਕੀਤਾ ਗਿਆ, ਜਿਸ ਨਾਲ ਮੋਹਾਲੀ ਨੂੰ ਇੱਕ ਮਹੱਤਵਪੂਰਨ IT ਹੱਬ ਵਜੋਂ ਮਜ਼ਬੂਤੀ ਮਿਲੀ ਅਤੇ ਵੱਡੇ ਪੱਧਰ 'ਤੇ ਰੋਜ਼ਗਾਰ ਦੀ ਸੰਭਾਵਨਾ ਬਣੀ।
- IT ਸਿਟੀ, ਏਅਰੋਸਿਟੀ ਅਤੇ ਨੋਲੇਜ ਕਾਰਡੋਰ ਦਾ ਵਿਸਥਾਰ - ਦਫ਼ਤਰੀ ਵਿਸਥਾਰ, ਵਪਾਰਕ ਵਿਕਾਸ ਅਤੇ ਸੇਵਾ ਖੇਤਰ ਰੋਜ਼ਗਾਰ ਨੂੰ ਸਮਰਥਨ ਦੇਣ ਲਈ IT ਸਿਟੀ ਅਤੇ ਏਅਰੋਸਿਟੀ ਖੇਤਰਾਂ ਵਿੱਚ ਢਾਂਚਾਗਤ ਅਤੇ ਯੋਜਨਾਬੱਧ ਵਿਕਾਸ ਮਜ਼ਬੂਤ ਕੀਤਾ ਗਿਆ।
- ਨਵੇਂ ਵਪਾਰਕ ਖੇਤਰ ਅਤੇ ਰਿਟੇਲ ਵਿਕਾਸ - ਉਭਰਦੇ ਸੈਕਟਰਾਂ ਵਿੱਚ ਮਾਰਕੀਟ ਖੇਤਰਾਂ ਅਤੇ ਸੰਗਠਿਤ ਰਿਟੇਲ ਸਪੇਸ ਦੇ ਵਿਕਾਸ ਅਤੇ ਵਿਸਥਾਰ ਨਾਲ ਵਪਾਰ ਅਤੇ ਸਥਾਨਕ ਰੋਜ਼ਗਾਰ ਨੂੰ ਬਲ ਮਿਲਿਆ।
- ਨਗਰ ਨਿਗਮ ਸੀਮਾਵਾਂ ਦਾ ਵਿਸਥਾਰ - ਨਵੇਂ ਵਿਕਸਤ ਖੇਤਰਾਂ ਨੂੰ ਸ਼ਾਮਲ ਕਰਦੇ ਹੋਏ ਨਗਰ ਨਿਗਮ ਦੀਆਂ ਸੀਮਾਵਾਂ ਦਾ ਵਿਸਥਾਰ ਕੀਤਾ ਗਿਆ ਤਾਂ ਜੋ ਸੁਚਾਰੂ ਪ੍ਰਸ਼ਾਸਨ, ਸੇਵਾ ਪ੍ਰਦਾਨਗੀ ਅਤੇ ਢਾਂਚਾਗਤ ਯੋਜਨਾ ਯਕੀਨੀ ਬਣੇ।
- ਵੱਖ-ਵੱਖ ਖੇਤਰਾਂ ਵਿੱਚ ਰੋਜ਼ਗਾਰ ਸਿਰਜਣਾ - IT, ਸੇਵਾਵਾਂ, ਨਿਰਮਾਣ, ਰਿਟੇਲ ਅਤੇ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਦੇ ਵਿਕਾਸ ਨਾਲ ਸਥਾਨਕ ਨੌਜਵਾਨਾਂ ਅਤੇ ਹੁਨਰਮੰਦ ਕਰਮਚਾਰੀਆਂ ਲਈ ਸਿੱਧੇ ਅਤੇ ਅਸਿੱਧੇ ਰੋਜ਼ਗਾਰ ਦੇ ਮੌਕੇ ਬਣੇ।
- ਰਿਅਲ ਐਸਟੇਟ ਅਤੇ ਰਿਹਾਇਸ਼ੀ ਖੇਤਰ ਵਿਕਾਸ- ਯੋਜਨਾਬੱਧ ਰਿਹਾਇਸ਼ੀ ਵਿਸਥਾਰ ਨਾਲ ਘਰਾਂ ਦੀ ਨਿਰਮਾਣ ਗਤੀਵਿਧੀ ਅਤੇ ਸਹਾਇਕ ਉਦਯੋਗਾਂ ਨੂੰ ਸਮਰਥਨ ਮਿਲਿਆ।
- ਪੰਜਾਬ ਦੇ ਨਿਵੇਸ਼ ਦਰਵਾਜ਼ੇ ਵਜੋਂ ਮੋਹਾਲੀ ਦੀ ਮਜ਼ਬੂਤੀ - ਚੰਡੀਗੜ੍ਹ ਨੇੜਤਾ, ਏਅਰਪੋਰਟ ਕਨੈਕਟੀਵਿਟੀ ਅਤੇ ਢਾਂਚਾਗਤ ਸੁਧਾਰਾਂ ਨਾਲ ਮੋਹਾਲੀ ਨੂੰ ਕਾਰਪੋਰੇਟ ਦਫ਼ਤਰਾਂ, ਲਾਜਿਸਟਿਕਸ, ਸਿੱਖਿਆ ਅਤੇ ਸੰਗਠਿਤ ਵਪਾਰ ਲਈ ਪਸੰਦੀਦਾ ਮੰਜ਼ਿਲ ਵਜੋਂ ਸਥਾਪਿਤ ਕੀਤਾ ਗਿਆ।



# ਮਹਿਲਾਵਾਂ, ਸਮਾਜਿਕ ਭਲਾਈ ਅਤੇ ਸਮਾਵੇਸ਼ੀ ਵਿਕਾਸ



- ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਲਈ 5 ਮਰਲੇ ਦੇ ਪਲਾਟ - ਯੋਗ ਪਰਿਵਾਰਾਂ ਨੂੰ ਰਿਹਾਇਸ਼ੀ ਪਲਾਟਾਂ ਦੇ ਅਲਾਟਮੈਂਟ ਪੱਤਰ ਜਾਰੀ ਕੀਤੇ ਗਏ, ਜਿਸ ਨਾਲ ਲੰਬੇ ਸਮੇਂ ਦੀ ਰਿਹਾਇਸ਼ੀ ਸੁਰੱਖਿਆ ਮਿਲੀ।
- ਸਿਲਾਈ ਹੁਨਰ ਵਿਕਾਸ – JLPL ਸਿਲਾਈ ਹੁਨਰ ਵਿਕਾਸ ਕੇਂਦਰ, ਮਟੌਰ ਵਿੱਚ ਸਿਲਾਈ ਟ੍ਰੇਨਿੰਗ ਕਰਵਾਈ ਗਈ ਅਤੇ ਸਵੈ ਰੋਜ਼ਗਾਰ ਲਈ ਮਸ਼ੀਨਾਂ ਅਤੇ ਸਰਟੀਫਿਕੇਟ ਵੰਡੇ ਗਏ।
- ਆਂਗਣਵਾੜੀ ਢਾਂਚਾ ਮਜ਼ਬੂਤੀ - ਲਾਂਡਰਾਂ, ਜਗਤਪੁਰਾ ਅਤੇ ਜੁਝਾਰ ਨਗਰ ਦੇ ਆਂਗਣਵਾੜੀ ਕੇਂਦਰਾਂ ਵਿੱਚ ਬੁਨਿਆਦੀ ਢਾਂਚਾ ਸੁਧਾਰਨ ਦੇ ਕੰਮ ਕੀਤੇ ਗਏ ਤਾਂ ਜੋ ਬਾਲ ਸੰਭਾਲ ਸਹੂਲਤਾਂ ਬਿਹਤਰ ਹੋਣ।
- ਪਿੱਛੜੇ ਵਰਗਾਂ ਲਈ ਸਮੁਦਾਇਕ ਸਹੂਲਤਾਂ - ਸਮਾਜ ਦੇ ਵੱਖ-ਵੱਖ ਵਰਗਾਂ ਦੀਆਂ ਸਮਾਜਿਕ ਅਤੇ ਸੰਸਕ੍ਰਿਤਿਕ ਲੋੜਾਂ ਨੂੰ ਸਮਰਥਨ ਦੇਣ ਲਈ ਧਰਮਸ਼ਾਲਾ ਅਤੇ ਸਾਂਝੇ ਸਮੁਦਾਇਕ ਸਥਾਨ ਵਿਕਸਿਤ ਕੀਤੇ ਗਏ।
- ਵਿਧਾਨ ਸਭਾ ਵਿੱਚ ਸਮਾਜਿਕ ਭਲਾਈ ਮਸਲੇ ਉਠਾਏ - ਵਜ਼ੀਫ਼ਿਆਂ ਵਿੱਚ ਦੇਰੀ, ਯੋਜਨਾਵਾਂ ਦੀ ਲਾਗੂ ਕਰਨ ਵਿੱਚ ਕਮੀ ਅਤੇ ਲਾਭ ਪ੍ਰਾਪਤੀ ਨਾਲ ਸੰਬੰਧਿਤ ਮਸਲੇ ਪੰਜਾਬ ਵਿਧਾਨ ਸਭਾ ਵਿੱਚ ਉਠਾਏ ਗਏ ਤਾਂ ਜੋ ਸਮੇਂ 'ਤੇ ਹੱਕ ਯਕੀਨੀ ਬਣੇ।
- ਆਵਾਸ ਸਹਾਇਤਾ – ਰੰਗਲਾ ਪੰਜਾਬ ਮੁਹਿੰਮ ਦੇ ਤਹਿਤ 32 ਪਰਿਵਾਰਾਂ ਨੂੰ ₹2 ਲੱਖ ਪ੍ਰਤੀ ਘਰ ਸਹਾਇਤਾ ਦਿੱਤੀ ਗਈ, ਅਤੇ PM ਆਵਾਸ ਯੋਜਨਾ ਦੇ ਤਹਿਤ 39 ਪਰਿਵਾਰਾਂ ਨੂੰ ₹1.20 ਲੱਖ ਦੀ ਸਹਾਇਤਾ ਪ੍ਰਦਾਨ ਕੀਤੀ ਗਈ।
- ਰੋਜ਼ਗਾਰ ਸਹਾਇਤਾ (MGNREGA) – ਘਰ ਨਿਰਮਾਣ ਨਾਲ ਜੁੜੇ ਮਜ਼ਦੂਰੀ ਲਈ ₹31,140 ਤੱਕ ਦੀ ਸਹਾਇਤਾ MGNREGA ਦੇ ਮਾਧਿਅਮ ਨਾਲ ਸੁਨਿਸ਼ਚਿਤ ਕੀਤੀ ਗਈ।






AAP

# ਮਜ਼ਦੂਰ, ਸਫਾਈ ਕਰਮਚਾਰੀ ਅਤੇ ਵਰਕ ਫੋਰਸ ਭਲਾਈ



- ਸੁਰੱਖਿਆ, ਮਰਯਾਦਾ ਅਤੇ ਰੈਗੂਲਰਾਈਜ਼ੇਸ਼ਨ ਮਸਲੇ - ਸਫਾਈ ਕਰਮਚਾਰੀਆਂ ਲਈ ਸੁਰੱਖਿਆ ਉਪਕਰਣਾਂ ਦੀ ਘਾਟ, ਅਸੁਰੱਖਿਅਤ ਕੰਮਕਾਜੀ ਹਾਲਾਤ ਅਤੇ ਲੰਬਿਤ ਰੈਗੂਲਰਾਈਜ਼ੇਸ਼ਨ ਮੰਗਾਂ ਸੰਬੰਧਿਤ ਵਿਭਾਗਾਂ ਕੋਲ ਉਠਾਈਆਂ ਗਈਆਂ।
- ਤਨਖਾਹ ਦੇਰੀ ਅਤੇ ਠੇਕੇਦਾਰੀ ਕਰਮਚਾਰੀ ਮਸਲੇ - ਤਨਖਾਹ ਦੇ ਭੁਗਤਾਨ ਵਿੱਚ ਦੇਰੀ ਅਤੇ ਠੇਕੇਦਾਰੀ ਰੋਜ਼ਗਾਰ ਨਾਲ ਸੰਬੰਧਿਤ ਮਸਲੇ ਉਠਾਏ ਗਏ ਤਾਂ ਜੋ ਸਮੇਂ 'ਤੇ ਭੁਗਤਾਨ ਅਤੇ ਪਾਰਦਰਸ਼ਤਾ ਯਕੀਨੀ ਬਣੇ।
- ਸਫਾਈ ਹੜਤਾਲਾਂ ਦੌਰਾਨ ਦਖ਼ਲਅੰਦਾਜ਼ੀ - ਵਿਰੋਧ ਦੌਰਾਨ ਕਰਮਚਾਰੀਆਂ ਅਤੇ ਨਗਰ ਨਿਗਮ ਅਧਿਕਾਰੀਆਂ ਦਰਮਿਆਨ ਸੰਵਾਦ ਸੁਗਮ ਕੀਤਾ ਗਿਆ ਤਾਂ ਜੋ ਜ਼ਰੂਰੀ ਸੇਵਾਵਾਂ ਜਾਰੀ ਰਹਿਣ ਅਤੇ ਵਿਵਾਦ ਹੱਲ ਹੋ ਸਕਣ।
- ਸਫਾਈ ਕੰਮਕਾਜੀ ਹਾਲਾਤ ਸੁਧਾਰ - ਕਚਰਾ ਇਕੱਠਾ ਕਰਨ ਅਤੇ ਸੜਕ ਸਫਾਈ ਸੇਵਾਵਾਂ ਵਿੱਚ ਮੈਦਾਨੀ ਚੁਣੌਤੀਆਂ ਨੂੰ ਹੱਲ ਕਰਨ ਲਈ ਤਾਲਮੇਲ ਮਜ਼ਬੂਤ ਕੀਤਾ ਗਿਆ।
- ਪ੍ਰਸ਼ਾਸਕੀ ਅਤੇ ਵਿਧਾਨਕ ਪੱਧਰ 'ਤੇ ਮਜ਼ਦੂਰ ਭਲਾਈ - ਮਜ਼ਦੂਰ ਭਲਾਈ ਮਸਲੇ ਮੀਟਿੰਗਾਂ 'ਚ ਅਤੇ ਵਿਧਾਨਕ ਮੰਚਾਂ 'ਤੇ ਉਠਾਏ ਗਏ ਤਾਂ ਜੋ ਜਵਾਬਦੇਹੀ ਅਤੇ ਲਗਾਤਾਰ ਧਿਆਨ ਯਕੀਨੀ ਬਣੇ।



# ਸਮੁਦਾਇਕ ਅਤੇ ਧਾਰਮਿਕ ਬੁਨਿਆਦੀ ਢਾਂਚਾ



- ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਲਈ ਰਿਹਾਇਸ਼ੀ ਸਹਾਇਤਾ - 45 ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਲਈ ₹1 ਕਰੋੜ ਤੋਂ ਵੱਧ ਦੀ ਨਿੱਜੀ ਰਕਮ ਨਾਲ ਘਰ ਤਿਆਰ ਕਰਵਾਏ ਗਏ; ਇਸ ਤੋਂ ਇਲਾਵਾ 57 ਪਰਿਵਾਰਾਂ ਨੂੰ ਕੱਚੇ ਘਰਾਂ ਨੂੰ ਪੱਕੇ ਘਰਾਂ ਵਿੱਚ ਬਦਲਣ ਲਈ ₹1 ਕਰੋੜ ਦੀ ਵਾਧੂ ਸਹਾਇਤਾ ਪ੍ਰਦਾਨ ਕੀਤੀ ਗਈ।
- ਕਮਿਊਨਿਟੀ ਸੈਂਟਰ – ਕੁੰਬੜਾ - ਪਿੰਡ ਕੁੰਬੜਾ ਵਿੱਚ ਸਮਾਜਿਕ ਅਤੇ ਸਮੁਦਾਇਕ ਕਾਰਜਾਂ ਲਈ ਨਵੇਂ ਕਮਿਊਨਿਟੀ ਸੈਂਟਰ ਦੇ ਨਿਰਮਾਣ ਦਾ ਨੀਂਹ ਪੱਥਰ ਰੱਖਿਆ ਗਿਆ।
- ਧਰਮਸ਼ਾਲਾ – ਮਟੌਰ ਅਤੇ ਸੋਹਾਣਾ - ਮਟੌਰ ਅਤੇ ਸੋਹਾਣਾ ਵਿੱਚ ਧਰਮਸ਼ਾਲਾਵਾਂ ਦਾ ਨਿਰਮਾਣ ਅਤੇ ਅਪਗ੍ਰੇਡ ਕੀਤਾ ਗਿਆ ਤਾਂ ਜੋ ਧਾਰਮਿਕ ਅਤੇ ਸਮਾਜਿਕ ਇਕੱਠਾਂ ਲਈ ਢਾਂਚਾ ਮਜ਼ਬੂਤ ਹੋਵੇ।
- ਸ਼ਮਸ਼ਾਨ ਘਾਟ ਸੁਧਾਰ - ਸ਼ਮਸ਼ਾਨ ਘਾਟਾਂ 'ਤੇ ਬਾਊਂਡਰੀ ਵਾਲ, ਪਲੇਟਫਾਰਮ ਅਤੇ ਬੁਨਿਆਦੀ ਸਹੂਲਤਾਂ ਵਿਕਸਿਤ ਕੀਤੀਆਂ ਗਈਆਂ।
- ਸਮੁਦਾਇਕ ਸਥਾਨਾਂ 'ਤੇ ਲਾਈਟਿੰਗ ਅਤੇ ਐਕਸੈਸ ਸੁਧਾਰ - ਪਹੁੰਚ ਮਾਰਗ, ਬਾਊਂਡਰੀ ਨਿਰਧਾਰਣ ਅਤੇ ਲਾਈਟਿੰਗ ਮਜ਼ਬੂਤ ਕੀਤੀ ਗਈ ਤਾਂ ਜੋ ਪਹੁੰਚ ਅਤੇ ਸੁਰੱਖਿਆ ਸੁਧਰੇ।
- ਸਮੁਦਾਇਕ ਸਹੂਲਤਾਂ ਦਾ ਬਹੁ-ਉਦੇਸ਼ੀ ਉਪਯੋਗ - ਕਮਿਊਨਿਟੀ ਹਾਲਾਂ ਨੂੰ ਸਿਹਤ ਕੈਂਪ, ਜਾਗਰੂਕਤਾ ਪ੍ਰੋਗਰਾਮ ਅਤੇ ਸਮਾਜਿਕ ਮੀਟਿੰਗਾਂ ਲਈ ਮਜ਼ਬੂਤ ਕੀਤਾ ਗਿਆ।
- ਤੀਰਥ ਯਾਤਰਾ ਬਸ ਸੇਵਾ – ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਤਹਿਤ ਅਨੇਕਾਂ ਬਜ਼ੁਰਗਾਂ ਤੇ ਮਾਤਾਵਾਂ ਲਈ ਬਸ ਸੇਵਾ ਦੀ ਵਿਵਸਥਾ ਕੀਤੀ ਗਈ।



# ਪਾਰਕ, ਖੇਡ ਮੈਦਾਨ ਅਤੇ ਸਮੁਦਾਇਕ ਸਥਾਨ



- ਪਿੰਡ ਖੇਡ ਮੈਦਾਨ ਵਿਕਾਸ - ਨੌਜਵਾਨਾਂ ਵਿੱਚ ਖੇਡ ਅਤੇ ਸਰੀਰਿਕ ਗਤੀਵਿਧੀਆਂ ਪ੍ਰੋਤਸਾਹਿਤ ਕਰਨ ਲਈ ਪਿੰਡਾਂ ਵਿੱਚ ਖੇਡ ਮੈਦਾਨ ਤਿਆਰ ਅਤੇ ਅਪਗ੍ਰੇਡ ਕੀਤੇ ਗਏ।
- ਖੁੱਲ੍ਹੇ ਜਿੰਮ – ਪਿੰਡ ਅਤੇ ਰਿਹਾਇਸ਼ੀ ਖੇਤਰ - ਪਿੰਡ ਗੀਗੇ ਮਾਜਰਾ, ਮਾਣਕ ਮਾਜਰਾ, ਮਾਣਕਪੁਰ ਕੱਲਰ ਅਤੇ ਰਿਸ਼ੀ ਅਪਾਰਟਮੈਂਟਸ (ਸੈਕਟਰ 70) ਵਿੱਚ ਖੁੱਲ੍ਹੇ ਜਿੰਮ ਲਗਾਏ ਗਏ।
- ਸ਼ਹਿਰੀ ਪਾਰਕ ਸੁਧਾਰ ਅਤੇ ਸੁੰਦਰੀਕਰਨ - ਰਿਹਾਇਸ਼ੀ ਸੈਕਟਰਾਂ ਦੇ ਪਾਰਕਾਂ ਵਿੱਚ ਲੈਂਡਸਕੇਪਿੰਗ, ਬੈਠਕ ਸਹੂਲਤਾਂ ਅਤੇ ਵਾਕਿੰਗ ਏਰੀਆ ਦੇ ਸੁਧਾਰ ਕੀਤੇ ਗਏ।
- ਬੱਚਿਆਂ ਲਈ ਖੇਡ ਖੇਤਰ ਮਜ਼ਬੂਤੀ - ਚੁਣਿੰਦਾ ਪਾਰਕਾਂ ਅਤੇ ਸਮੁਦਾਇਕ ਸਥਾਨਾਂ ਵਿੱਚ ਬੱਚਿਆਂ ਲਈ ਸਮਰਪਿਤ ਖੇਡ ਉਪਕਰਣ ਅਤੇ ਸੁਰੱਖਿਅਤ ਖੇਤਰ ਵਿਕਸਿਤ ਕੀਤੇ ਗਏ।
- ਪਾਰਕ ਰੱਖ-ਰਖਾਅ ਵਿੱਚ ਸਮੁਦਾਇਕ ਭਾਗੀਦਾਰੀ - ਲੰਬੇ ਸਮੇਂ ਦੇ ਟਿਕਾਊਪਨ ਲਈ ਰਿਹਾਇਸ਼ੀ ਵੈਲਫੇਅਰ ਐਸੋਸੀਏਸ਼ਨਾਂ ਨੂੰ ਪਾਰਕਾਂ ਦੀ ਸੰਭਾਲ ਵਿੱਚ ਭਾਗੀਦਾਰੀ ਲਈ ਪ੍ਰੋਤਸਾਹਿਤ ਕੀਤਾ ਗਿਆ।



# ਆਫ਼ਤ ਪ੍ਰਤੀਕਿਰਿਆ, ਰਾਹਤ ਅਤੇ ਸਮੁਦਾਇਕ ਸਹਾਇਤਾ




- **ਹੜ੍ਹ ਰਾਹਤ ਭਾਗੀਦਾਰੀ** - ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਦੌਰਾਨ, ਜਿਸਦਾ ਅਸਰ ਮੋਹਾਲੀ ਜ਼ਿਲ੍ਹੇ ਦੇ ਹਿੱਸਿਆਂ 'ਤੇ ਵੀ ਪਿਆ, ਰਾਹਤ ਅਤੇ ਬਚਾਅ ਕਾਰਜਾਂ ਦਾ ਸਹਿਯੋਗ ਕਰਦੇ ਹੋਏ ਪ੍ਰਭਾਵਿਤ ਪਰਿਵਾਰਾਂ ਨੂੰ ਜ਼ਰੂਰੀ ਸਹਾਇਤਾ ਦਿੱਤੀ ਗਈ।
- **ਐਮਰਜੈਂਸੀ ਸਹਿਯੋਗ ਅਤੇ ਮਾਨੀਟਰਿੰਗ** - ਐਮਰਜੈਂਸੀ ਦੌਰਾਨ ਰਾਹਤ ਵੰਡ, ਪਾਣੀ ਨਿਕਾਸੀ ਅਤੇ ਸੇਵਾਵਾਂ ਦੀ ਬਹਾਲੀ ਦੀ ਨਿਗਰਾਨੀ ਲਈ ਮੈਦਾਨੀ ਮੁਲਾਂਕਣ ਅਤੇ ਪ੍ਰਸ਼ਾਸਕੀ ਏਜੰਸੀਆਂ ਨਾਲ ਸਹਿਯੋਗ ਕੀਤਾ ਗਿਆ।
- **ਮੁਆਵਜ਼ਾ ਅਤੇ ਪੁਨਰਵਾਸ ਸਹਾਇਤਾ** - ਰਾਜ-ਪੱਧਰੀ ਰਾਹਤ ਕਦਮਾਂ ਤਹਿਤ ਹੜ੍ਹ ਕਾਰਨ ਘਰਾਂ ਅਤੇ ਜੀਵਿਕਾ ਪ੍ਰਭਾਵਿਤ ਹੋਣ ਵਾਲੇ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਗਿਆ।
- **NGO ਅਤੇ ਸਮੁਦਾਇਕ ਗਰੁੱਪਾਂ ਨਾਲ ਸਾਂਝੀ ਰਾਹਤ** - ਬਚਾਅ ਅਤੇ ਪੁਨਰਵਾਸ ਦੌਰਾਨ NGO, ਸੇਵਾਦਾਰਾਂ ਅਤੇ ਸਮੁਦਾਇਕ ਸੰਸਥਾਵਾਂ ਨੇ ਸਰਕਾਰੀ ਏਜੰਸੀਆਂ ਨਾਲ ਮਿਲ ਕੇ ਕੰਮ ਕੀਤਾ।
- **ਰਾਹਤ ਅਤੇ ਪ੍ਰਤੀਕਿਰਿਆ ਢਾਂਚਾ ਮਜ਼ਬੂਤੀ** - ਆਫ਼ਤ ਸਮੇਂ ਤੇਜ਼ ਤਿਆਰੀ ਅਤੇ ਤੁਰੰਤ ਕਾਰਵਾਈ ਲਈ ਜ਼ਿਲ੍ਹਾ ਅਤੇ ਰਾਜ ਅਧਿਕਾਰੀਆਂ ਦਰਮਿਆਨ ਤਾਲਮੇਲ ਮਜ਼ਬੂਤ ਕੀਤਾ ਗਿਆ।






AAP

# ਸ਼ਾਸਨ, ਜਨ ਸ਼ਿਕਾਇਤ ਨਿਵਾਰਣ ਅਤੇ ਪ੍ਰਤਿਨਿਧਿਤਾ



- **ਮੈਦਾਨੀ ਨਿਰੀਖਣ ਅਤੇ ਢਾਂਚਾ ਨਿਗਰਾਨੀ** - ਸੜਕਾਂ, ਡਰੇਨੇਜ ਅਤੇ ਸਫਾਈ ਨਾਲ ਸੰਬੰਧਿਤ ਮਸਲਿਆਂ ਦਾ ਸਥਲ ‘ਤੇ ਨਿਰੀਖਣ ਕੀਤਾ ਗਿਆ ਅਤੇ GMADA, ਨਗਰ ਨਿਗਮ ਅਤੇ ਸੰਬੰਧਿਤ ਵਿਭਾਗਾਂ ਰਾਹੀਂ ਸੁਧਾਰਾਤਮਕ ਕਾਰਵਾਈ ਕੀਤੀ ਗਈ।
- **ਟ੍ਰੈਫਿਕ ਪ੍ਰਬੰਧਨ ਅਤੇ ਸੜਕ ਸੁਰੱਖਿਆ ਪ੍ਰਬੰਧਨ** - ਮੁੱਖ ਚੌਰਾਹਿਆਂ ਅਤੇ ਵਪਾਰਕ ਖੇਤਰਾਂ ਵਿੱਚ ਟ੍ਰੈਫਿਕ, ਖਰਾਬ ਸੜਕਾਂ ਅਤੇ ਸਾਈਨੇਜ ਸਮੱਸਿਆਵਾਂ ਨੂੰ ਅਧਿਕਾਰੀਆਂ ਕੋਲ ਉਠਾਇਆ ਗਿਆ ਤਾਂ ਜੋ ਸੁਰੱਖਿਆ ਸੁਧਰੇ।
- **ਪੰਜਾਬ ਵਿਧਾਨ ਸਭਾ ਵਿੱਚ ਪ੍ਰਤਿਨਿਧਿਤਾ** - ਮੋਟਰ ਮਾਰਕੀਟ ਦੇਰੀ, ਸਿਹਤ ਸਟਾਫ ਘਾਟ ਅਤੇ ਸ਼ਹਿਰੀ ਬੁਨਿਆਦੀ ਢਾਂਚਾ ਮਸਲਿਆਂ ਸਮੇਤ ਹਲਕੇ ਨਾਲ ਸਬੰਧਤ ਅਹਿਮ ਮਸਲੇ ਵਿਧਾਨ ਸਭਾ ਵਿੱਚ ਨਿਰੰਤਰ ਉਠਾਏ ਗਏ।
- **ਇਨਹਾਂਸਮੈਂਟ ਚਾਰਜਾਂ ‘ਤੇ ਰਾਹਤ** - GMADA ਨਾਲ ਲਗਾਤਾਰ ਪ੍ਰਤਿਨਿਧਿਤਾ ਰਾਹੀਂ ਸੈਕਟਰ 76 ਤੋਂ 80 ਦੇ ਰਹਿਣ ਵਾਲਿਆਂ ਲਈ ਇਨਹਾਂਸਮੈਂਟ ਚਾਰਜ ਘਟਾਏ ਗਏ, ਜਿਸ ਨਾਲ ਹਜ਼ਾਰਾਂ ਪਲਾਟ ਮਾਲਕਾਂ ਨੂੰ ਲਾਭ ਮਿਲਿਆ।
- **ਨਿਯਮਕ ਨਿਗਰਾਨੀ ਅਤੇ ਅਨੁਸਾਰਤਾ ਮਸਲੇ** - ਨਿੱਜੀ ਹਸਪਤਾਲਾਂ ਵੱਲੋਂ ਬੇਸਮੈਂਟ ਪਾਰਕਿੰਗ ਦੇ ਦੁਰੁਪਯੋਗ ਅਤੇ ਵਪਾਰਕ ਸਥਾਪਨਾਵਾਂ ਵਿੱਚ ਨਿਯਮ ਉਲੰਘਣਾ ਦੇ ਮਸਲੇ ਜਨ ਹਿਤ ਦੀ ਰੱਖਿਆ ਲਈ ਉਠਾਏ ਗਏ।
- **ਜਵਾਬਦੇਹੀ ਅਤੇ ਸਿੱਧਾ ਜਨ ਸੰਪਰਕ** - ਕਚਰਾ ਪ੍ਰਬੰਧਨ, ਪਾਣੀ ਸਪਲਾਈ ਖਾਮੀਆਂ ਅਤੇ ਸੜਕ ਰੱਖ-ਰਖਾਅ ਮਸਲੇ RWAs, ਪਿੰਡ ਪ੍ਰਤਿਨਿਧੀਆਂ ਅਤੇ ਮਾਰਕੀਟ ਐਸੋਸੀਏਸ਼ਨਾਂ ਨਾਲ ਲਗਾਤਾਰ ਸੰਪਰਕ ਰਾਹੀਂ ਹੱਲ ਕੀਤੇ ਗਏ।
- **ਗਰੁੱਪ ਹਾਉਸਿੰਗ ਅਤੇ ਰੀਅਲ ਐਸਟੇਟ ਮੁੱਦੇ** – GMADA ਪ੍ਰੋਜੈਕਟਸ, RERA ਅਤੇ ਨਿਯਮ ਪਾਲਨਾ ਸੰਬੰਧੀ ਮੁੱਦੇ ਵਿਧਾਨ ਸਭਾ ਵਿੱਚ ਉਠਾਏ ਗਏ।
- **ਪਾਰਕਿੰਗ ਅਤੇ ਟ੍ਰੈਫਿਕ ਮੁੱਦੇ** – ਹਸਪਤਾਲਾਂ ਅਤੇ ਮਾਰਕੀਟਾਂ ਵਿੱਚ ਪਾਰਕਿੰਗ ਮਿਸਯੂਜ਼ ਤੇ ਟ੍ਰੈਫਿਕ ਸਮੱਸਿਆ ਨੂੰ ਵਿਧਾਨ ਸਭਾ ਵਿੱਚ ਜ਼ੋਰ ਨਾਲ ਉਠਾਇਆ ਗਿਆ।
- **ਸ਼ਹਿਰੀ ਕਚਰਾ ਪ੍ਰਬੰਧਨ ਮੁੱਦੇ** – ਸਮਗੌਲੀ ਵੇਸਟ ਪਲਾਂਟ ਅਤੇ ਗਾਰਬੇਜ ਮੈਨੇਜਮੈਂਟ ਸੰਬੰਧੀ ਮੁੱਦੇ ਵਿਧਾਨ ਸਭਾ ਵਿੱਚ ਉਠਾਕੇ ਹੱਲ ਲਈ




AAP



ਪਿਛਲੇ ਚਾਰ ਸਾਲਾਂ ਵਿੱਚ ਮੋਹਾਲੀ ਨੇ ਇਕ ਸਪਸ਼ਟ ਅਤੇ ਸੰਗਠਿਤ ਵਿਕਾਸ ਦਾ ਦੌਰ ਵੇਖਿਆ ਹੈ। ਇਹ ਦੌਰ ਸਿਰਫ਼ ਪ੍ਰੋਜੈਕਟਾਂ ਦੀ ਸ਼ੁਰੂਆਤ ਤੱਕ ਸੀਮਿਤ ਨਹੀਂ ਰਿਹਾ, ਬਲਕਿ ਉਨ੍ਹਾਂ ਦੇ ਪੂਰੇ ਹੋਣ, ਲਾਗੂ ਹੋਣ ਅਤੇ ਜ਼ਮੀਨੀ ਪੱਧਰ ‘ਤੇ ਅਸਰ ਪੈਦਾ ਕਰਨ ਤੱਕ ਪਹੁੰਚਿਆ ਹੈ। ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਅਤੇ ਵਿਧਾਇਕ ਸਰਦਾਰ ਕੁਲਵੰਤ ਸਿੰਘ ਦੀ ਨਿਰੰਤਰ ਜ਼ਮੀਨੀ ਪੱਧਰ ‘ਤੇ ਭਾਗੀਦਾਰੀ ਨਾਲ ਸ਼ਾਸਨ ਨੇ ਨੀਤੀ ਨੂੰ ਅਮਲ ਨਾਲ ਜੋੜ ਕੇ ਦਿਖਾਇਆ ਹੈ।

ਬੁਨਿਆਦੀ ਢਾਂਚਾ ਮਜ਼ਬੂਤ ਹੋਇਆ, ਸਿੱਖਿਆ ਸੰਸਥਾਨ ਸੁਧਰੇ, ਸਿਹਤ ਸੇਵਾਵਾਂ ਵਿਸਥਾਰਿਤ ਹੋਈਆਂ, ਬਿਜਲੀ ਅਤੇ ਪਾਣੀ ਦੀ ਪ੍ਰਣਾਲੀ ਨੂੰ ਸੰਗਠਿਤ ਤਰੀਕੇ ਨਾਲ ਮਜ਼ਬੂਤ ਕੀਤਾ ਗਿਆ ਅਤੇ ਸ਼ਹਿਰੀ ਯੋਜਨਾ ਨੂੰ ਨਵੀਂ ਦਿਸ਼ਾ ਮਿਲੀ। IT ਅਤੇ ਨਿਵੇਸ਼ ਦੇ ਖੇਤਰ ਵਿੱਚ ਵਾਧਾ ਹੋਇਆ, ਜਿਸ ਨਾਲ ਰੋਜ਼ਗਾਰ ਦੇ ਮੌਕੇ ਵਧੇ। ਇਹ ਸਭ ਯੋਜਨਾਬੱਧ ਸੋਚ, ਵਿੱਤੀ ਅਨੁਸ਼ਾਸਨ ਅਤੇ ਜ਼ਮੀਨੀ ਪੱਧਰ ‘ਤੇ ਲਗਾਤਾਰ ਨਿਗਰਾਨੀ ਦਾ ਨਤੀਜਾ ਹੈ।

ਸਭ ਤੋਂ ਮਹੱਤਵਪੂਰਣ ਗੱਲ ਇਹ ਰਹੀ ਕਿ ਸ਼ਾਸਨ ਦੀ ਮੌਜੂਦਗੀ ਮਹਿਸੂਸ ਹੋਈ - ਫੈਸਲੇ ਸਮੇਂ ‘ਤੇ ਹੋਏ, ਪ੍ਰੋਜੈਕਟ ਅੱਗੇ ਵਧੇ ਅਤੇ ਜਿੱਥੇ ਲੋਕਾਂ ਨੇ ਗੱਲ ਰੱਖੀ, ਉੱਥੇ ਸੁਣਵਾਈ ਵੀ ਹੋਈ।

ਇਹ ਰਿਪੋਰਟ ਕਾਰਡ ਸਿਰਫ਼ ਅੰਕੜਿਆਂ ਦੀ ਪੇਸ਼ਕਸ਼ ਨਹੀਂ, ਸਗੋਂ ਇਕ ਦ੍ਰਿਸ਼ਟੀਕੋਣ ਦਾ ਪ੍ਰਤੀਕ ਹੈ - ਜਿੱਥੇ ਵਿਕਾਸ ਨੂੰ ਰਾਜਨੀਤਿਕ ਨਾਅਰਾ ਨਹੀਂ, ਬਲਕਿ ਪ੍ਰਸ਼ਾਸਨਿਕ ਜ਼ਿੰਮੇਵਾਰੀ ਵਜੋਂ ਅਪਣਾਇਆ ਗਿਆ।

ਮੋਹਾਲੀ ਅੱਜ ਇਕ ਮਜ਼ਬੂਤ ਨੀਂਹ ‘ਤੇ ਖੜ੍ਹਾ ਹੈ। ਅਗਲਾ ਪੜਾਅ ਇਸ ਨੀਂਹ ਨੂੰ ਹੋਰ ਵਿਸਥਾਰ ਦੇਵੇਗਾ - ਸੰਗਠਿਤ ਵਿਕਾਸ, ਆਰਥਿਕ ਪ੍ਰਗਤੀ ਅਤੇ ਲੋਕ-ਹਿਤ ਨੂੰ ਕੇਂਦਰ ਵਿੱਚ ਰੱਖਦੇ ਹੋਏ।

ਨਿਰਮਾਣ ਭਵਿੱਖ ਦਾ...!